BRITISH COLUMBIA | HealthLinkBC

Punjabi - Number 93c
Elder Abuse Prevention Series - June 2011

# ਬਜ਼ੁਰਗਾਂ ਨਾਲ ਦੁਰਵਿਹਾਰ ਅਤੇ ਲਾਪਰਵਾਹੀ: ਲਿੰਗ ਅੰਤਰ ਨੂੰ ਸਮਝਣਾ

# Abuse and Neglect of Older Adults: Understanding Gender Differences

ਪਿਛਲੀ ਉਮਰ ਵਿੱਚ ਦੁਰਵਿਹਾਰ ਅਤੇ ਲਾਪਰਵਾਹੀ ਬਜ਼ੁਰਗਾਂ ਦੀ ਸਿਹਤ, ਖੁਸ਼ੀ ਅਤੇ ਸੁਰੱਖਿਆ ਤੇ ਅਸਰ ਪਾ ਸਕਦੇ ਹਨ। ਜਿਨ੍ਹਾਂ ਲੋਕਾਂ ਤੇ ਬਜ਼ੁਰਗ ਭਰੋਸਾ ਜਾਂ ਇਤਬਾਰ ਕਰਦੇ ਹਨ ਉਨ੍ਹਾਂ ਤੋਂ ਹੀ ਕਈ ਕਿਸਮ ਦੇ ਨੁਕਸਾਨ ਸਹਿਣੇ ਪੈ ਸਕਦੇ ਹਨ।

ਬਜ਼ੁਰਗਾਂ ਨਾਲ ਦੁਰਵਿਹਾਰ ਘਰ ਵਿੱਚ, ਸਮਾਜ ਵਿੱਚ ਜਾਂ ਸੰਸਥਾਵਾਂ ਵਿੱਚ ਹੋ ਸਕਦਾ ਹੈ। ਇਹ ਕਈ ਤਰਾਂ ਦਾ ਹੋ ਸਕਦਾ ਹੈ ਜਿਸ ਵਿੱਚ ਸਰੀਰਕ, ਭਾਵਾਤਮਿਕ, ਆਰਥਕ, ਲਿੰਗਕ, ਭਾਈਚਾਰਕ ਜਾਂ ਧਾਰਮਿਕ ਜਾਂ ਜ਼ਿੰਦਗੀ ਦੀਆਂ ਲੋੜਾਂ ਨੂੰ ਰੋਕਣਾ ਸ਼ਾਮਲ ਹਨ।

ਮਰਦ ਅਤੇ ਔਰਤਾਂ ਦੋਹਾਂ ਨਾਲ ਹੀ ਦੁਰਵਿਹਾਰ ਜਾਂ ਲਾਪਰਵਾਹੀ ਵਰਤੀ ਜਾ ਸਕਦੀ ਹੈ। ਬਜ਼ੁਰਗ ਮਰਦਾਂ ਨਾਲੋਂ ਬਜ਼ੁਰਗ ਔਰਤਾਂ ਪਰਿਵਾਰਕ ਹਿੰਸਾ ਦਾ ਜ਼ਿਆਦਾ ਸ਼ਿਕਾਰ ਹੁੰਦੀਆਂ ਹਨ, ਸ਼ਾਇਦ ਇਸ ਲਈ ਕਿ ਉਹ ਜ਼ਿਆਦਾ ਦੇਰ ਜੀਉਂਦੀਆਂ ਹਨ। ਇਹ ਦੁਰਵਿਹਾਰ ਜਾਂ ਲਾਪਰਵਾਹੀ ਬਜ਼ੁਰਗ ਔਰਤ ਦੇ ਸਾਥੀ, ਪਾਰਟਨਰ ਜਾਂ ਬਾਲਗ ਬੱਚਿਆਂ ਵਲੋਂ ਹੁੰਦੀ ਹੈ। ਜਦਕਿ ਬਜ਼ੁਰਗ ਮਰਦ ਦਾ ਦੁਰਵਿਹਾਰ ਜਾਂ ਲਾਪਰਵਾਹੀ ਜ਼ਿਆਦਾਤਰ ਬਾਲਗ ਬੱਚਿਆਂ ਜਾਂ ਕਰੀਬੀ ਦੋਸਤਾਂ ਵੱਲੋਂ ਹੁੰਦੀ ਹੈ।

ਬਜ਼ੁਰਗ ਭਾਵੇਂ ਅਜਨਬੀ ਲੋਕਾਂ ਤੋਂ ਵੀ ਨੁਕਸਾਨ ਸਹਿ ਸਕਦੇ ਹਨ ਪਰ ਆਰਥਕ ਜਾਂ ਧੋਖਾਧੜੀ ਨੂੰ ਛੱਡ ਕੇ ਇਹ ਬਹੁਤ ਘੱਟ ਹਾਲਤਾਂ ਵਿੱਚ ਹੁੰਦਾ ਹੈ।

## ਦੁਰਵਿਹਾਰ ਕਦੋਂ ਸ਼ੁਰੂ ਹੋ ਸਕਦਾ ਹੈ?

ਛੋਟੀ ਉਮਰ ਤੋਂ ਹੀ ਮਰਦਾਂ ਨਾਲੋਂ ਔਰਤਾਂ ਨਾਲ ਦੁਰਵਿਹਾਰ ਹੋਣ ਦੀ ਸੰਭਾਵਨਾ ਜ਼ਿਆਦਾ ਹੁੰਦੀ ਹੈ ਜੋ ਉਮਰ ਭਰ ਜਾਰੀ ਰਹਿ ਸਕਦੀ ਹੈ। ਕਈ ਸਾਲਾਂ ਦਾ ਦੁਰਵਿਹਾਰ ਵਿਅਕਤੀ ਦੀ ਸਿਹਤ ਤੇ ਬੁਰਾ ਅਸਰ ਪਾ ਸਕਦਾ ਹੈ।

ਬਜ਼ੁਰਗ ਮਰਦਾਂ ਲਈ, ਦੁਰਵਿਹਾਰ ਜਾਂ ਲਾਪਰਵਾਹੀ ਦਾ ਤਜਰਬਾ ਜ਼ਿੰਦਗੀ ਵਿੱਚ ਦੇਰ ਨਾਲ ਹੁੰਦਾ ਹੈ। ਇਹ ਉਸ ਵਕਤ ਸ਼ੁਰੂ ਹੋ ਸਕਦਾ ਹੈ ਜਦੋਂ ਮਰਦ ਅਪਾਹਜ ਹੋ ਜਾਏ ਅਤੇ ਮਦਦ ਲਈ ਦੂਜਿਆਂ ਤੇ ਨਿਰਭਰ ਕਰਦਾ ਹੋਵੇ।

## ਔਰਤਾਂ ਅਤੇ ਮਰਦਾਂ ਵਿੱਚ ਅੰਤਰ

ਦੁਰਵਿਹਾਰ ਔਰਤਾਂ ਅਤੇ ਮਰਦਾਂ ਦੋਹਾਂ ਨੂੰ ਹੀ ਦੁਖੀ ਕਰਦਾ ਹੈ। ਪਰ ਦੋਹਾਂ ਦੇ ਖ਼ਤਰੇ ਵੱਖ ਵੱਖ ਹੋ ਸਕਦੇ ਹਨ ਅਤੇ ਦੋਹਾਂ ਤੇ ਅਸਰ ਵੀ ਵੱਖ ਵੱਖ ਤਰੀਕੇ ਨਾਲ ਹੋ ਸਕਦਾ ਹੈ।

- ਇਸ ਗੱਲ ਦੀ ਜ਼ਿਆਦਾ ਸੰਭਾਵਨਾ ਹੈ ਕਿ ਬਜ਼ੁਰਗ ਔਰਤਾਂ ਨੇ ਬਜ਼ੁਰਗ ਮਰਦਾਂ ਨਾਲੋਂ ਜ਼ਿਆਦਾ ਭਾਵਾਤਮਿਕ, ਸਰੀਰਕ ਜਾਂ ਲਿੰਗਕ ਦੁਰਵਿਹਾਰ ਝੱਲਿਆ ਹੋਵੇ।
- ਅਕਸਰ ਔਰਤ ਮਰਦ ਨਾਲੋਂ ਛੋਟੀ ਹੁੰਦੀ ਹੈ ਅਤੇ ਉਸ ਵਿੱਚ ਆਪਣੇ ਆਪ ਨੂੰ ਸਰੀਰਕ ਦੁਰਵਿਹਾਰ ਤੋਂ ਬਚਾਉਣ ਦੀ ਘੱਟ ਸਮਰੱਥਾ ਹੁੰਦੀ ਹੈ।
- ਬਜ਼ੁਰਗ ਔਰਤਾਂ ਨੂੰ ਬਜ਼ੁਰਗ ਮਰਦਾਂ ਨਾਲੋਂ ਅਸਮਰੱਥ ਰਹਿਣ ਦੀਆਂ ਹਾਲਤਾਂ, ਵਿਧਵਾ ਹੋਣ ਜਾਂ ਇਕੱਲੇ ਰਹਿਣ ਦੀ ਜ਼ਿਆਦਾ ਸੰਭਾਵਨਾ ਹੈ।
- ਬਜ਼ੁਰਗ ਮਰਦਾਂ ਨਾਲੋਂ ਬਜ਼ੁਰਗ ਔਰਤਾਂ ਜ਼ਿਆਦਾ ਰਿਹਾਇਸ਼ੀ ਸੰਭਾਲ ਸੁਵਿਧਾਵਾਂ ਵਿੱਚ ਰਹਿੰਦੀਆਂ ਹਨ ਜਿੱਥੇ ਸਟਾਫ਼, ਵਲੰਟੀਅਰਾਂ ਜਾਂ ਪਰਿਵਾਰ ਵਲੋਂ ਦੁਰਵਿਹਾਰ ਹੋ ਸਕਦਾ ਹੈ।

ਕਿਉਂਕਿ ਇੱਕ ਬਜ਼ੁਰਗ ਔਰਤ ਕੋਲ ਵਸੀਲੇ ਘੱਟ ਹੁੰਦੇ ਹਨ ਇਸ ਲਈ ਉਹ ਦੁਰਵਿਹਾਰ ਵਾਲੇ ਸਬੰਧ ਨੂੰ ਛੱਡਣ ਵਿੱਚ ਝਿਜਕਦੀ ਹੈ।

## ਔਰਤਾਂ ਅਤੇ ਮਰਦਾਂ ਵਿੱਚ ਸਮਾਨਤਾ

ਬਜ਼ੁਰਗਾਂ ਨੂੰ ਦੁਰਵਿਹਾਰ ਅਤੇ ਲਾਪਰਵਾਹੀ ਭਾਵਾਤਮਕ ਅਤੇ ਸਰੀਰਕ ਤੌਰ ਤੇ ਅਸਰ ਕਰਦੀ ਹੈ। ਬਜ਼ੁਰਗ ਔਰਤਾਂ ਅਤੇ ਮਰਦ ਦੋਵੇਂ ਸਦਮਾ, ਪਰੇਸ਼ਾਨੀ, ਆਪਣੇ ਆਪ ਨੂੰ ਕਸੂਰਵਾਰ ਜਾਂ ਸ਼ਰਮ ਮਹਿਸੂਸ ਕਰਦੇ ਹਨ ਕਿ ਜਿਸ ਤੇ ਉਨ੍ਹਾਂ ਨੇ ਵਿਸ਼ਵਾਸ ਕੀਤਾ ਉਹ ਹੀ ਦੁੱਖ ਦੇ ਰਿਹਾ ਹੈ ਜਾਂ ਉਨ੍ਹਾਂ ਦਾ ਅਯੋਗ ਫ਼ਾਇਦਾ ਉਠਾ ਰਿਹਾ ਹੈ।

ਇੱਕ ਔਰਤ ਇਸ ਗੱਲ ਤੋਂ ਫ਼ਿਕਰਮੰਦ ਹੋ ਸਕਦੀ ਹੈ ਕਿ ਦੁਰਵਿਹਾਰ ਨਾਲ ਉਸ ਦਾ ਇੱਕ ਮਾਂ ਜਾਂ ਦਾਦੀ ਵਜੋਂ ਕਿਸ ਕਿਸਮ ਦਾ ਪ੍ਰਭਾਵ ਪੈ ਰਿਹਾ ਹੈ। ਜੇ ਮਰਦ ਮਹਿਸੂਸ ਕਰੇ ਕਿ ਦੁਰਵਿਹਾਰ ਬਾਰੇ ਦੱਸਣ ਨਾਲ ਉਸ ਦਾ ਪਰਭਾਵ ਬੁਰਾ ਹੋਵੇਗਾ ਤਾਂ ਉਹ ਦੁਰਵਿਹਾਰ ਬਾਰੇ ਕਿਸੇ ਨੂੰ ਦੱਸਣ ਤੋਂ ਝਿਜਕ ਸਕਦਾ ਹੈ ।

## ਪੈਸੇ ਅਤੇ ਉਨ੍ਹਾਂ ਦੀ ਦੁਰਵਰਤੋਂ ਦਾ ਖ਼ਤਰਾ

ਪੈਸੇ ਦੀ ਦੁਰਵਰਤੋਂ ਦਾ ਸਭ ਤੋਂ ਜ਼ਿਆਦਾ ਬਜ਼ੁਰਗਾਂ ਨੂੰ ਸਾਹਮਣਾ ਕਰਨਾ ਪੈਂਦਾ ਹੈ। ਬਜ਼ੁਰਗ ਔਰਤਾਂ ਅਤੇ ਬਜ਼ੁਰਗ ਮਰਦਾਂ ਤੇ ਇਸ ਦਾ ਅਸਰ ਵੱਖ ਵੱਖ ਤਰੀਕੇ ਨਾਲ ਹੋ ਸਕਦਾ ਹੈ।

- ਬਜ਼ੁਰਗ ਔਰਤਾਂ ਨੂੰ ਆਰਥਕ ਮਾਮਲਿਆਂ ਵਿੱਚ ਦੂਜਿਆਂ ਤੇ ਜ਼ਿਆਦਾ ਨਿਰਭਰ ਹੋਣਾ ਪੈ ਸਕਦਾ ਹੈ।
- ਕੁੱਝ ਬਜ਼ੁਰਗ ਔਰਤਾਂ ਨੂੰ ਸ਼ਾਇਦ ਪੈਸੇ ਜਾਂ ਬੈਂਕਾਂ ਦੀ ਕਾਰਵਾਈ ਬਾਰੇ ਬਹੁਤ ਘੱਟ ਤਜਰਬਾ ਹੋਵੇ।

- ਬਜ਼ੁਰਗ ਮਰਦਾਂ ਦੀ ਪੈਨਸ਼ਨ ਵਗੈਰਾ ਤੋਂ ਲਗਾਤਾਰ ਆਮਦਨ ਹੋ ਸਕਦੀ ਹੈ ਅਤੇ ਉਹ ਧੋਖਾ ਧੜੀ ਦੇ ਜ਼ਿਆਦਾ ਸ਼ਿਕਾਰ ਹੋ ਸਕਦੇ ਹਨ; ਪਰ ਉਹ ਪੈਸੇ ਕਰ ਕੇ ਜ਼ਿਆਦਾ ਸੁਰੱਖਿਅਤ ਹੋ ਸਕਦੇ ਹਨ।

ਔਰਤਾਂ ਕੋਲ ਧਨ ਦੇ ਘੱਟ ਸਰੋਤ ਹੋ ਸਕਦੇ ਹਨ, ਅਤੇ ਉਹ ਮਰਦਾਂ ਨਾਲੋਂ ਜ਼ਿਆਦਾ ਉਮਰ ਭੋਗਦੀਆਂ ਹਨ। ਜੇ ਔਰਤਾਂ ਆਪਣੀ ਆਮਦਨ ਜਾਂ ਸੰਪਤੀ ਪੈਸੇ ਦੀ ਦੁਰਵਰਤੋਂ ਕਾਰਨ ਗਵਾ ਬੈਠਣ ਤਾਂ ਇਸ ਦਾ ਉਨ੍ਹਾਂ ਤੇ ਬਹੁਤ ਬੁਰਾ ਅਸਰ ਪਵੇਗਾ ਅਤੇ ਜ਼ਿਆਦਾ ਲੰਮਾ ਸਮਾਂ ਰਹੇਗਾ।

## ਮਦਦ ਲੈਣੀ

ਦੁਰਵਰਤੋਂ ਜਾਂ ਲਾਪਰਵਾਹੀ ਦਾ ਸ਼ਿਕਾਰ ਹੋਏ ਬਜ਼ੁਰਗਾਂ ਦੀ ਮਦਦ ਕਰਨ ਸਮੇਂ ਹਾਲਾਤ ਅਤੇ ਬਜ਼ੁਰਗ ਉਸ ਬਾਰੇ ਕੀ ਸੋਚਦੇ ਹਨ ਇਹ ਸਮਝਣਾ ਬੜਾ ਜ਼ਰੂਰੀ ਹੈ। ਜੇ ਬਜ਼ੁਰਗਾਂ, ਪਰਿਵਾਰਾਂ ਜਾਂ ਭਿੰਨ ਭਿੰਨ ਸਭਿਆਚਾਰਾਂ ਬਾਰੇ ਤੁਹਾਡੇ ਪਹਿਲਾਂ ਹੀ ਕੋਈ ਪੱਕੇ ਵਿਚਾਰ ਹਨ ਤਾਂ ਉਨ੍ਹਾਂ ਬਾਰੇ ਸੁਚੇਤ ਹੋਵੋ। ਉਨ੍ਹਾਂ ਹਾਲਤਾਂ ਨੂੰ ਸਮਝਣ ਦੀ ਕੋਸ਼ਿਸ਼ ਕਰੋ ਜਿਨ੍ਹਾਂ ਕਾਰਨ ਬਜ਼ੁਰਗ ਲੋੜੀਂਦੀ ਸਹਾਇਤਾ ਨਹੀਂ ਲੈ ਰਹੇ।

- ਅਕਸਰ ਹੋ ਸਕਦਾ ਹੈ ਕਿ ਬਜ਼ੁਰਗਾਂ ਨੂੰ ਮਦਦ ਲਈ ਲੋਕਲ ਸਾਧਨਾਂ ਬਾਰੇ ਨਾ ਪਤਾ ਹੋਵੇ। ਕੁੱਝ ਬਜ਼ੁਰਗ ਇਹ ਸਮਝਦੇ ਹਨ ਕਿ ਉਨ੍ਹਾਂ ਨੇ ਸਾਥੀ ਜਾਂ ਬੱਚਿਆਂ ਦੀ ਮਦਦ ਅਤੇ ਸੁਰੱਖਿਆ ਕਰਨੀ ਹੈ ਬੇਸ਼ੱਕ ਉਹ ਗਾਲ਼ੀਆਂ ਹੀ ਕੱਢਦੇ ਹੋਣ। ਉਹ ਆਪਣੇ ਆਪ ਤੇ ਪੈਣ ਵਾਲੇ ਬੁਰੇ ਨਤੀਜਿਆਂ ਜਾਂ ਅਸਰ ਬਾਰੇ ਸ਼ਾਇਦ ਸੋਚਦੇ ਹੀ ਨਹੀਂ।
- ਕਈ ਬਜ਼ੁਰਗ ਔਰਤਾਂ ਜੋ ਦੁਰਵਰਤੋਂ ਦਾ ਸ਼ਿਕਾਰ ਹੁੰਦੀਆਂ ਹਨ ਉਹ ਇਸ ਗੱਲ ਤੋਂ ਫ਼ਿਕਰਮੰਦ ਹੁੰਦੀਆਂ ਹਨ ਕਿ ਜੇ ਉਹ ਪਤੀ ਜਾਂ ਪਾਰਟਨਰ ਨੂੰ ਛੱਡ ਦੇਣ ਤਾਂ ਮਾਲੀ ਹਾਲਤ ਦਾ ਕੀ ਬਣੇਗਾ।
- ਜੀਵਨ ਸਾਥੀ ਦੀ ਦੁਰਵਰਤੋਂ ਦੇ ਮਾਮਲੇ ਵਿੱਚ ਪਰਿਵਾਰਕ ਮੈਂਬਰ ਮਾਪਿਆਂ ਨੂੰ ਕੋਈ ਸਖ਼ਤ ਕਦਮ ਲੈਣ ਤੋਂ ਰੋਕ ਸਕਦੇ ਹਨ। ਉਹ ਦੂਜੇ ਸਾਥੀ ਦੀ ਸੁਰੱਖਿਆ ਕਰ ਸਕਦੇ ਹਨ ਜਾਂ ਨਿਰਪੱਖ ਰਹਿ ਸਕਦੇ ਹਨ।
- ਕੁੱਝ ਬਜ਼ੁਰਗ ਔਰਤਾਂ ਅਤੇ ਮਰਦਾਂ ਨੂੰ ਰੋਜ਼ਾਨਾ ਦੇ ਰਹਿਣ ਸਹਿਣ ਲਈ ਦੂਜਿਆਂ ਦਾ ਸਹਾਰਾ ਲੈਣਾ ਪੈਂਦਾ ਹੈ, ਅਤੇ ਉਨ੍ਹਾਂ ਕੋਲੋਂ ਬਦਸਲੂਕੀ ਸਹਿਣੀ ਪੈਂਦੀ ਹੈ। ਇਸ ਦਾ ਬਜ਼ੁਰਗਾਂ ਦੇ ਇਸ ਫ਼ੈਸਲੇ ਤੇ ਬੜਾ ਅਸਰ ਪੈਂਦਾ ਕਿ ਉਹ ਇਸ ਸਥਿਤੀ ਨੂੰ ਛੱਡ ਦੇਣ ਜਾਂ ਨਾ ਅਤੇ ਮਦਦ ਕਿਸ ਤਰਾਂ ਮੰਗਣ।
- ਬਜ਼ੁਰਗ ਦੇ ਭਾਈਚਾਰੇ, ਸਭਿਆਚਾਰ ਅਤੇ ਜ਼ਿੰਦਗੀ ਦੇ ਦ੍ਰਿਸ਼ਟੀਕੋਣ ਦਾ ਵੀ ਦੁਰਵਰਤੋਂ ਬਾਰੇ ਪ੍ਰਤੀਕਰਮ ਤੇ ਅਸਰ ਪੈਂਦਾ ਹੈ। ਕਈ ਸਭਿਆਚਾਰਾਂ ਵਿੱਚ ਲੋਕ ਪਰਿਵਾਰ ਤੋਂ ਇਹ ਉਮੀਦ ਕਰਦੇ ਹਨ ਕਿ ਉਹ ਤਕਲੀਫ਼ਾਂ ਨੂੰ ਪ੍ਰਾਈਵੇਟ ਜਾਂ ਛੁਪਾਈ ਰੱਖਣ। ਬਜ਼ੁਰਗ ਆਵਾਸੀਆਂ ਨੂੰ ਮਦਦ ਲੈਣ ਲਈ ਬੋਲੀ ਦੀ ਦਿੱਕਤ ਹੋ ਸਕਦੀ ਹੈ। ਹੋ ਸਕਦਾ ਹੈ ਕਿ ਉਨ੍ਹਾਂ ਦੀ ਕੋਈ ਪੈਨਸ਼ਨ ਵੀ ਨਾ ਹੋਵੇ ਜਾਂ ਕੋਈ ਹੋਰ ਆਪਣੇ ਸਾਧਨ ਨਾ ਹੋਣ ਅਤੇ ਪਰਿਵਾਰ ਵੱਲੋਂ ਵੀ ਬਹੁਤ ਘੱਟ ਮਦਦ ਹੋਵੇ।

## ਹੋਰ ਜ਼ਿਆਦਾ ਜਾਣਕਾਰੀ ਲਈ

ਜੇ ਤੁਸੀਂ ਬਜ਼ੁਰਗ ਤੇ ਅਪਰਾਧ ਹੁੰਦਾ ਦੇਖੋਂ ਜਾਂ ਮੁਸ਼ਕਲ ਹਾਲਤ ਵਿੱਚ ਦੇਖੋ ਤਾਂ ਇੱਕ ਦਮ ਪੁਲੀਸ ਜਾਂ 9-1-1 ਨੂੰ ਫ਼ੋਨ ਕਰੋ। ਤੁਸੀਂ 8-1-1 ਤੇ ਫ਼ੋਨ ਕਰ ਕੇ ਜਾਣਕਾਰੀ ਅਤੇ ਸਲਾਹ ਲਈ ਰਜਿਸਟਰਡ ਨਰਸ ਨਾਲ ਗਲ ਕਰੋ ਜੋ ਹਫ਼ਤੇ ਦੇ ਸੱਤੇ ਦਿਨ 24 ਘੰਟੇ ਆਮ ਸਿਹਤ ਸਮੱਸਿਆਵਾਂ ਜਾਂ ਸੁਆਲਾਂ ਦੇ ਜੁਆਬ ਦੇਣ ਲਈ ਹਾਜ਼ਰ ਹੁੰਦੀ ਹੈ। ਬੇਨਤੀ ਕਰਨ ਤੇ ਉਲੱਥਾ ਕਰਨ ਦੀਆਂ ਸੇਵਾਵਾਂ 130 ਭਾਸ਼ਾਵਾਂ ਵਿੱਚ ਉਪਲਬਧ ਹਨ।

ਜਾਣਕਾਰੀ ਅਤੇ ਸੇਵਾਵਾਂ ਲਈ ਤੁਸੀਂ ਹੇਠ ਦਿੱਤੇ ਪਤਿਆਂ ਤੇ ਵੀ ਸੰਪਰਕ ਕਰ ਸਕਦੇ ਹੋ:

- ਤੁਹਾਡੇ ਇਲਾਕੇ ਦੀ ਹੈੱਲਥ ਅਥਾਰਿਟੀ ਵਿੱਚ ਹੋਮ ਅਤੇ ਕਮਿਊਨਿਟੀ ਕੇਅਰ ਆਫ਼ਿਸ ਜਿਸ ਦੇ ਸਟਾਫ਼ ਦੀ ਇਹ ਜ਼ਿੰਮੇਵਾਰੀ ਹੈ ਕਿ ਉਹ ਦੁਰਵਿਹਾਰ ਜਾਂ ਲਾਪਰਵਾਹੀ ਦੇ ਜ਼ਿਆਦਾ ਗੰਭੀਰ ਸ਼ੱਕੀ ਮਾਮਲਿਆਂ ਦੀ ਜਾਂਚ ਪੜਤਾਲ ਕਰੇ।
- ਬਜ਼ੁਰਗਾਂ ਦੀ ਵਕਾਲਤ ਅਤੇ ਸਹਾਇਤਾ ਦਾ ਬੀ.ਸੀ. ਸੈਂਟਰ (B.C. Centre for Elder Advocacy and Support) ਅਤੇ ਬਜ਼ੁਰਗਾਂ ਦੀ ਵਕਾਲਤ ਅਤੇ ਜਾਣਕਾਰੀ ਲਾਈਨ (SAIL) ਤੇ 1–866-437-1940 ਫ਼ੋਨ ਕਰੋ ਜਾਂ www.bcceas.ca ਵੈੱਬਸਾਈਟ ਦੇਖੋ।
- ਪਬਲਿਕ ਗਾਰਡੀਅਨ ਅਤੇ ਟਰੱਸਟੀ ਦੇ ਦਫ਼ਤਰ 604-660-4444 ਤੇ ਫ਼ੋਨ ਕਰੋ ਜਾਂ www.trustee.bc.ca ਵੈੱਬਸਾਈਟ ਦੇਖੋ।
- ਕਨੂੰਨੀ ਸੇਵਾ ਸੰਸਥਾ (Legal Services Society) ਨੂੰ 604-408-2172 ਜਾਂ ਮੁਫ਼ਤ ਨੰਬਰ 1-866-577-2525 ਤੇ ਫ਼ੋਨ ਕਰੋ ਜਾਂ www.lss.bc.ca ਵੈੱਬਸਾਈਟ ਦੇਖੋ।
- ਪਰਵਾਰਕ ਅਤੇ ਸੈੱਕਸ ਦੀ ਹਿੰਸਾ ਜਾਂ ਅੱਤਿਆਚਾਰ ਦੇ ਸ਼ਿਕਾਰ ਹੋਏ ਬਜ਼ੁਰਗ ਵਿਕਟਮ ਲਿੰਕ (Victim Link) ਨੂੰ ਬੀ.ਸੀ. ਵਿੱਚ ਮੁਫ਼ਤ ਨੰਬਰ 1-800-563-0808 ਤੇ ਫ਼ੋਨ ਕਰ ਸਕਦੇ ਹਨ।

ਹੋਰ ਜ਼ਿਆਦਾ ਜਾਣਕਾਰੀ ਲਈ HealthLink BC (ਹੈੱਲਥਲਿੰਕ ਬੀ.ਸੀ.) ਦੀਆਂ ਬਜ਼ੁਰਗਾਂ ਦੇ ਦੁਰਵਿਹਾਰ ਦੀ ਰੋਕ-ਥਾਮ ਸ਼ਰੇਣੀ ਦੀਆਂ ਫ਼ਾਈਲਾਂ ਦੇਖੋ।

93a ਪਿਛਲੀ ਉਮਰ ਵਿੱਚ ਦੁਰਵਿਹਾਰ ਅਤੇ ਲਾਪਰਵਾਹੀ ਨੂੰ ਰੋਕਣਾ
93b ਬਜ਼ੁਰਗਾਂ ਨਾਲ ਦੁਰਵਿਹਾਰ ਅਤੇ ਲਾਪਰਵਾਹੀ:ਪਰਿਵਾਰਕ ਸੰਭਾਲ ਕਰਨ ਵਾਲਿਆਂ ਲਈ ਜਾਣਕਾਰੀ
93d ਬਜ਼ੁਰਗਾਂ ਦਾ ਆਰਥਕ ਸ਼ੋਸ਼ਣ

BC CENTRE FOR ELDER
ADVOCACY & SUPPORT

ਬੀ.ਸੀ. ਹੈਲਥਫਾਈਲ ਦੇ ਹੋਰ ਵਿਸ਼ਿਆਂ ਬਾਰੇ ਜਾਣਨ ਲਈ www.HealthLinkBC.ca/healthfiles/index.stm ਵੇਖੋ ਜਾਂ ਆਪਣੀ ਸਥਾਨਕ ਜਨਤਕ ਸਿਹਤ ਯੂਨਿਟ ਵਿਖੇ ਜਾਓ।

ਗੈਰ-ਹੰਗਾਮੀ ਸਿਹਤ ਜਾਣਕਾਰੀ ਅਤੇ ਬੀ.ਸੀ. ਵਿਚਲੀਆਂ ਸੇਵਾਵਾਂ ਲਈ www.HealthLinkBC.ca 'ਤੇ ਕਲਿੱਕ ਕਰੋ ਜਾਂ **8-1-1** 'ਤੇ ਫੋਨ ਕਰੋ।

ਬੋਲ਼ੇ ਅਤੇ ਉੱਚਾ ਸੁਣਨ ਵਾਲ਼ੇ ਮਦਦ ਲਈ ਬੀ.ਸੀ. ਵਿੱਚ 7-1-1 'ਤੇ ਫੋਨ ਕਰ ਸਕਦੇ ਹਨ।

ਮੰਗੇ ਜਾਣ 'ਤੇ 130 ਤੋਂ ਵੱਧ ਬੋਲੀਆਂ ਵਿੱਚ ਅਨੁਵਾਦ ਦੀਆਂ ਸੇਵਾਵਾਂ ਉਪਲਬਧ ਹਨ।